# ਰਾਸ਼ਟਰੀ ਦੁਖਾਂਤ ਅਤੇ ਲੋਕ ਪੀੜਾ ਦਾ ਚਿਤੇਰਾ ਸ਼ਾਹ ਮੁਹੰਮਦ

ਪ੍ਰੋ. ਹਰਿਭਜਨ ਸਿੰਘ ਭਾਟੀਆ

ਸ਼ਾਹ ਮੁਹੰਮਦ ਰਚਿਤ **ਜੰਗ ਹਿੰਦ ਪੰਜਾਬ** ਪੰਜਾਬ ਦੇ ਪੁਰਾਤਨ ਗੌਰਵ ਦਾ ਹਿੱਸਾ ਹੈ। ਪੰਜਾਬ ਦੇ ਧਰਮ ਨਿਰਪੇਖ ਰਾਜ ਦੇ ਖੁੱਸਣ, ਪੰਜਾਬੀ ਸੂਰਬੀਰਤਾ ਨੂੰ ਚਿਤਰਣ ਅਤੇ ਦੇਸ਼ ਪਿਆਰ ਨੂੰ ਆਪਣੀ ਰਚਨਾ ਦੇ ਕੇਂਦਰ ਵਿਚ ਟਿਕਾਉਣ ਸਦਕਾ ਸ਼ਾਹ ਮੁਹੰਮਦ "ਕੌਮੀ ਸ਼ਾਇਰ" ਅਖਵਾਇਆ। ਮੱਧਕਾਲੀਨ ਪੰਜਾਬੀ ਸਾਹਿਤ ਸੰਬੰਧੀ ਬੁਨਿਆਦੀ ਖੋਜ ਜਾਂ ਉਸ ਦੀ ਵਿਆਖਿਆ ਕਰਨ ਵਾਲਾ ਸ਼ਾਇਦ ਹੀ ਕੋਈ ਅਜਿਹਾ ਚਿੰਤਕ ਹੋਵੇ ਜਿਸ ਨੇ ਇਸ ਰਚਨਾ ਦੇ ਮਹੱਤਵ ਦੇ ਕਿਸੇ ਨਾ ਕਿਸੇ ਪੱਖ ਨੂੰ ਨਾ ਗੌਲਿਆ ਹੋਵੇ ਜਾਂ ਇਸ ਦੀ ਭਰਵੀਂ ਤੇ ਭਰਪੂਰ ਸਰਾਹਨਾ ਨਾ ਕੀਤੀ ਹੋਵੇ। ਪੰਜਾਬੀ ਸਾਹਿਤ ਦੇ ਪ੍ਰਸਿੱਧ ਰੂਸੀ ਵਿਦਵਾਨ ਆਈ. ਸੇਰੇਬਰੀਆਕੋਵ ਨੇ ਇਸ ਰਚਨਾ ਨੂੰ ਰਾਸ਼ਟਰੀ ਦੁਖਾਂਤ ਨੂੰ ਪੂਰੀ ਗਹਿਰਾਈ ਨਾਲ ਸਮਝਣ-ਮਹਿਸੂਸਣ, ਉਸਦੇ ਕਾਰਣਾਂ ਦੀ ਬਾਰੀਕਬੀਨੀ ਨਾਲ ਨਿਸ਼ਾਨਦੇਹੀ ਕਰਨ ਅਤੇ ਰਾਸ਼ਟਰੀ ਭਾਵਨਾ ਨੂੰ ਥੀਮ ਵਜੋਂ ਗ੍ਰਹਿਣ ਕਰਨ ਵਾਲੀ ਗੌਰਵਸ਼ਾਲੀ ਰਚਨਾ ਆਖਿਆ। ਉਸਨੂੰ ਤਾਂ ਨਵੇਂ ਜ਼ਮਾਨੇ ਵਿਚ ਪੈਦਾ ਹੋਣ ਵਾਲੇ ਨਵੇਂ ਸਾਹਿਤ ਦੇ ਬੀਜ ਵੀ ਇਸੇ ਰਚਨਾ ਵਿਚੋਂ ਦਿਖਾਈ ਦਿੱਤੇ। ਸ਼ਾਇਦ ਇਸੇ ਲਈ ਢੇਰ ਚਿਰ ਮਗਰੋਂ ਇਸ ਰਚਨਾ ਦੇ ਗੌਰਵ ਨੂੰ ਪਛਾਣਦੇ ਹੋਏ ਡਾ. ਸੁਤਿੰਦਰ ਸਿੰਘ ਨੂਰ ਨੇ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਸ਼ਾਹ ਮੁਹੰਮਦ ਦੀ ਇਸ ਰਚਨਾ ਤੋਂ ਆਰੰਭ ਕਰਨ ਦਾ ਮਸ਼ਵਰਾ ਦਿੱਤਾ। ਬੇਸ਼ੱਕ ਲਗਭਗ ਪੂਰੀ ਸਦੀ ਪੰਜਾਬੀ ਵਿਦਵਾਨ ਇਸ ਰਚਨਾ ਨੂੰ ਕਦੀ ਬੈਂਤ, ਕਦੀ ਕਿੱਸਾ, ਕਦੀ ਵਾਰ ਅਤੇ ਕਦੀ ਜੰਗਨਾਮਾ ਜਾਂ ਜੰਗ ਆਖ ਬਣੇ-ਬਣਾਏ ਖਾਨਿਆਂ ਅੰਦਰ ਬੰਦ ਕਰਨ ਦੀ ਵਾਹ ਲਾਉਂਦੇ ਰਹੇ ਪਰੰਤੂ ਪ੍ਰਤਿਮਾਨ-ਭੰਜਕ ਇਹ ਰਚਨਾ ਆਪਣੇ ਨਵੇਕਲੇ ਅੰਦਾਜ਼ ਅਤੇ ਸਾਫ਼-ਸਫ਼ਾਫ਼ ਨਜ਼ਰੀਏ ਕਰਕੇ ਕਿਸੇ ਵੀ ਚੌਖਟੇ ਵਿਚ ਬੰਦ ਨਾ ਹੋ ਸਕੀ। ਸ਼ਾਹ ਮੁਹੰਮਦ ਅਸਲ ਵਿਚ ਨਵੇਕਲੀ ਨਜ਼ਰ ਵਾਲਾ ਨਾਬਰ ਸ਼ਾਇਰ ਸੀ ਜਿਸ ਰੀਤ ਵਿਚੋਂ ਜੇਕਰ ਕੁਝ ਲਿਆ ਵੀ ਤਾਂ ਉਸਨੂੰ ਜਮ੍ਹਾਂ-ਕਟੌਤੀ ਵਿਚੋਂ ਲੰਘਾ ਕੇ। ਰਵਾਇਤ ਵਿਚਲਾ ਬਹੁਤ ਕੁਝ ਉਸ ਨੂੰ ਨਾਪਸੰਦ ਸੀ ਇਸੇ ਲਈ ਉਸ ਨਾ ਰਵਾਇਤ ਵਿਚਲੀਆਂ ਦੰਤ ਕਥਾਵਾਂ ਨੂੰ ਦੁਹਰਾਇਆ ਅਤੇ ਨਾ ਵੱਥ ਨੂੰ ਬਣੇ-ਬਣਾਏ ਸਾਂਚੇ ਅੰਦਰ ਕੈਦ ਕੀਤਾ। ਚਗਲੇ ਸਵਾਦਾਂ ਨੂੰ ਰੱਦ ਕਰਦਿਆਂ ਉਸ ਬਿਰਤਾਂਤ ਦਾ ਮੂੰਹ ਰਾਸ਼ਟਰੀ ਦੁਖਾਂਤ ਤੇ ਲੋਕ ਪੀੜਾ ਵੱਲ ਕਰ ਦਿੱਤਾ। ਪੰਜਾਬੀ ਸ਼ਾਇਰੀ ਦੀ ਅਸਲ ਰੀਤ ਨਾਲ ਸੱਚੇ ਅਰਥਾਂ ਵਿਚ ਜੁੜਿਆ ਹੋਇਆ ਸਚਮੁੱਚ ਨਾਬਰ ਸ਼ਾਇਰ ਸੀ ਸ਼ਾਹ ਮੁਹੰਮਦ।

ਸ਼ਾਹ ਮੁਹੰਮਦ ਨੇ ਨਾਸਿਰਫ਼ ਸਮਕਾਲੀ ਘਟਨਾ ਅਤੇ ਪਰਿਸਥਿਤੀਆਂ ਨੂੰ ਹੀ ਆਪਣੀ ਰਚਨਾ ਦੇ ਕੇਂਦਰ ਵਿਚ ਟਿਕਾਇਆ ਬਲਕਿ ਲਗਦੀ ਵਾਹ ਉਨ੍ਹਾਂ ਨੂੰ ਸਹੀ ਜਾਂ ਉਚਿਤ ਪ੍ਰਸੰਗ ਅਤੇ ਪਰਿਪੇਖ ਵਿਚ ਵੀ ਪ੍ਰਸਤੁਤ ਕੀਤਾ। ਬਿਨਾ ਸ਼ੱਕ ਉਸਦੀ ਦ੍ਰਿਸ਼ਟੀ ਧਾਰਮਿਕ-ਅਧਿਆਤਮਕ ਰੰਗ ਵਿਚ ਰੰਗੀ ਹੋਈ ਸੀ ਅਤੇ ਉਹ ਵਾਪਰ ਰਹੇ ਵਰਤਾਰਿਆਂ ਨੂੰ ਹੋਣੀ ਅਤੇ

ਦੈਵੀ ਸੱਤਾ ਨਾਲ ਬਦੋਬਦੀ ਜੋੜ ਲੈਂਦਾ ਸੀ ਪਰੰਤੂ ਇਹ ਉਸਦੀ ਦ੍ਰਿਸ਼ਟੀ ਦੀ ਸੀਮਾ ਤੇ ਸੰਸਕਾਰਾਂ ਦਾ ਮਸਲਾ ਸੀ ਜਿਨ੍ਹਾਂ ਦੀ ਕਰੜੀ ਪਕੜ ਵਿਚ ਰਹਿ ਉਸ ਉੱਚੀ ਉਡਾਣ ਭਰੀ -- ਬਾਬੇ ਨਾਨਕ ਦੀ ਬਾਬਰ ਬਾਣੀ ਵਿਚਲੇ ਚਾਰ ਸ਼ਬਦਾਂ ਦੇ ਮੁਹਾਂਦਰੇ ਨਾਲ ਮੇਲ ਖਾਂਦੀ ਉਡਾਣ। ਉਹ ਸਿਰਫ਼ ਇਕ ਫ਼ਿਰਕੇ ਜਾਂ ਕੌਮ ਦਾ ਸ਼ਾਇਰ ਨਹੀਂ ਬਲਕਿ ਸਮੁੱਚੇ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੀ ਪ੍ਰਤਿਨਿੱਧਤਾ ਕਰਨ ਵਾਲਾ ਸੀ ਜਿਸ ਨੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਪਰਸਪਰ ਪ੍ਰੇਮ, ਇਤਫ਼ਾਕ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਦ੍ਰਿੜ੍ਹ ਕੀਤਾ। ਪੰਜਾਬੀ ਹੋਣ ਅਤੇ ਪੰਜਾਬੀਅਤ ਨਾਲ ਪੱਕੇ-ਪੀਡੇ ਰਿਸ਼ਤੇ ਵਿਚ ਬੱਝੇ ਹੋਣ ਦਾ ਅਹਿਸਾਸ ਉਸ ਦੇ ਸੰਵੇਦਨਸ਼ੀਲ ਹਿਰਦੇ ਦੇ ਧੁਰ ਡੂੰਘ ਵਿਚ ਸਮੋਇਆ ਹੋਇਆ ਸੀ ਜੋ ਉਸ ਦੀ ਜੀਵੰਤ ਰਚਨਾ ਦੇ ਹਰ ਭਾਗ ਵਿਭਾਗ ਵਿਚ ਸਮੋਅ ਗਿਆ। ਮਜ਼ਲੂਮ ਤੇ ਲਤਾੜੇ ਦੀ ਧਿਰ ਬਣਨਾ; ਵੰਡਾਂ, ਵਿਤਕਰਿਆਂ ਦਾ ਪ੍ਰਚੰਡ ਵਿਰੋਧ ਕਰਨਾ; ਸੰਪਰਦਾਇਕ ਫੁੱਟਪਾਊ ਤਾਕਤਾਂ ਪ੍ਰਤਿ ਨਫ਼ਰਤ; ਸਵਾਰਥੀ, ਸ਼ਰਾਰਤੀ ਤੇ ਦੋਗਲੇ ਕਿਰਦਾਰ ਵਾਲੇ ਬੁਰਛਾਗਰਦਾਂ ਪ੍ਰਤਿ ਹਿਕਾਰਤ; ਕਾਇਰਤਾ ਦਾ ਮਜ਼ਾਕ ਅਤੇ ਪੰਜਾਬੀਆਂ ਦੇ ਬਰਾਬਰੀ, ਭਲੇ ਅਤੇ ਸਾਂਝ ਦੇ ਮੁੱਲਾਂ ਪ੍ਰਤਿ ਬੇਤਿੜਕ ਆਸਥਾ ਉਸਦੇ ਪੰਜਾਬੀਅਤ ਦੇ ਸੰਕਲਪ ਦਾ ਹਿੱਸਾ ਸਨ ਜਿਨ੍ਹਾਂ ਦੀਆਂ ਗੂੰਜਾਂ ਕਿਧਰੇ ਗੁੱਝੇ/ਸੈਨਤ ਭਰੇ ਅਤੇ ਕਿਧਰੇ ਉੱਚੇ ਤਲਖ-ਤੁਰਸ਼ ਅੰਦਾਜ਼ ਵਿਚ ਉਸਦੀ ਰਚਨਾ ਵਿਚੋਂ ਸੁਣਾਈ ਦੇਂਦੀਆਂ ਹਨ। ਉਸ ਮਾਨਵੀ ਦਰਦ ਤੇ ਪੀੜਾ ਦੇ ਐਨ ਕਰੀਬ ਵਿਚਰਦੇ ਹੋਏ ਮਾਨਵੀ ਸਰੋਕਾਰਾਂ ਨਾਲ ਸਾਂਝ ਬਣਾਈ। ਨਾਲ ਹੀ ਨਾਲ ਇਸ ਪ੍ਰੇਮ, ਇਤਫ਼ਾਕ ਅਤੇ ਵਿਸ਼ਵਾਸ ਨੂੰ ਖੰਡਿਤ ਕਰਨ ਵਾਲੀ ਜਾਂ ਇਸ ਨੂੰ ਤੋੜਨ-ਤ੍ਰੋੜਣ ਵਾਲੀ ਧਿਰ ਬਰਤਾਨਵੀ ਸਾਮਰਾਜ ਦੀਆਂ ਨੀਤੀਆਂ/ਕੁਚਾਲਾਂ ਵੀ ਭਰਵੀਂ ਨਿੰਦਾ ਕਰਕੇ ਬਰਤਾਨਵੀ ਸਾਮਰਾਜ ਵਿਰੋਧੀ ਭਾਵਨਾ ਨੂੰ ਵੀ ਬੇਝਿਜਕ ਅਤੇ ਨਿਰਸੰਕੋਚ ਰੂਪ ਵਿਚ ਬਿਆਨ ਕੀਤਾ। ਉਸਨੇ ਇਕੋ ਵੇਲੇ ਧਰਮ ਨਿਰਪੇਖ ਰਾਜ ਦੀ ਪ੍ਰਸੰਸਾ ਵੀ ਕੀਤੀ ਅਤੇ ਨਾਲ ਹੀ ਨਾਲ ਬਰਤਾਨਵੀ ਸਾਮਰਾਜ ਵਿਰੋਧੀ ਭਾਵਨਾ ਨੂੰ ਵੀ ਜਗਾਇਆ। ਬਿਨਾਂ ਸ਼ੱਕ ਉਸ ਦੀ ਸਮਾਜਕ ਅਤੇ ਰਾਜਨੀਤਕ ਦ੍ਰਿਸ਼ਟੀ ਬੜੀ ਸਪੱਸ਼ਟ ਤੇ ਸੰਤੁਲਤ ਸੀ ਅਤੇ ਅਗੋਂ ਬੜੀ ਸਰਲ, ਸਪੱਸ਼ਟ ਅਤੇ ਅਲੰਕਾਰਕ ਭਾਸ਼ਾ ਵਿਚ ਇਸ ਦ੍ਰਿਸ਼ਟੀ ਨੂੰ ਪ੍ਰਸਾਰਤ ਕਰਕੇ ਉਸ ਆਪਣੀ ਕਲਾ-ਯੋਗਤਾ ਜਾਂ ਕਲਾ-ਚੇਤਨਾ ਦੀ ਤਾਕਤ ਨੂੰ ਵੀ ਮਨਵਾਇਆ। ਉਸਦੀ ਰਚਨਾ ਵਿਚਲਾ ਗੌਰਵਸ਼ਾਲੀ ਵੱਥ, ਉਸਦੀ ਕਲਾ ਚੇਤਨਾ ਅਤੇ ਉਸਦੀ ਸਮਾਜਕ ਤੇ ਰਾਜਨੀਤਕ ਦ੍ਰਿਸ਼ਟੀ ਤਿੰਨੇ ਹੀ ਇਸ ਰਚਨਾ ਨੂੰ ਅਦੁੱਤੀ ਮੁਹਾਂਦਰਾ ਪ੍ਰਦਾਨ ਕਰਦੇ ਹਨ।

ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਸ਼ੋਅਬੇ ਦੇ ਮਿੱਤਰਾਂ ਅਤੇ ਕੁਝ ਹੋਰ ਦਾਨਿਸ਼ਵਰਾਂ ਨਾਲ ਲਾਹੌਰ ਯੂਨੀਵਰਸਿਟੀ ਦੇ ਕੈਂਪਸ ਘੁੰਮ ਰਹੇ ਸਾਂ ਤਾਂ ਮੈਂ ਸ਼ਾਹ ਮੁਹੰਮਦ ਦੇ ਜੀਵਨ ਤੇ ਪਰਿਵਾਰ ਬਾਰੇ ਕੁਝ ਜਾਣਨ ਦੀ ਇੱਛਾ ਜ਼ਾਹਰ ਕੀਤੀ। ਉਨ੍ਹਾਂ ਨੇ ਸ਼ਾਹ ਮੁਹੰਮਦ ਦੀ ਬੰਸਾਵਲੀ ਨਾਲ ਸੰਬੰਧਿਤ ਕੁਝ ਵੇਰਵਿਆਂ ਦੀ ਦੱਸ ਪਾਈ। ਮੇਰੀ ਇਨ੍ਹਾਂ ਵੇਰਵਿਆਂ ਨਾਲ ਪਹਿਲਾਂ ਹੀ ਡਾ. ਅਜਮੇਰ ਸਿੰਘ ਦੀ ਪੁਸਤਕ **ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ** ਰਾਹੀਂ ਮਾੜੀ ਮੋਟੀ ਵਾਕਫ਼ੀ ਸੀ। ਜਾਪਿਆ ਕਿ ਪੰਜਾਬੀਆਂ (ਚਾਹੇ ਉਹ ਏਧਰਲੇ ਪੰਜਾਬ ਦੇ ਹੋਣ ਜਾਂ ਓਧਰਲੇ ਪੰਜਾਬ ਦੇ) ਨੇ ਹੋਰਨਾਂ ਪੁਰਾਣੇ ਸ਼ਾਇਰਾਂ ਵਾਂਗ ਇਸ 'ਜ਼ਿੰਦਾ ਸ਼ਾਇਰ' ਦਾ ਵੀ ਬਹੁਤ ਘੱਟ ਸਾਂਭਿਆ-ਸੰਭਾਲਿਆ ਹੈ। ਅਚਾਨਕ ਮੇਰੇ ਮੂੰਹੋ ਨਿਕਲਿਆ ਕਿ "ਯਾਰੋ ਜੇ ਕਿਧਰੇ ਸ਼ਾਹ ਮੁਹੰਮਦ ਨੇ ਅੰਗਰੇਜ਼ਾਂ ਦੀ ਵਾਰ ਲਿਖੀ ਹੁੰਦੀ ਤਾਂ ਸੈਂਕੜੇ ਕਿੱਲਿਆਂ ਦੇ ਮਾਲਕ ਹੋਣਾ ਸੀ ਉਸਦੇ ਖਾਨਦਾਨ ਨੇ - ਸਾਰੇ ਸੁੱਖ-ਸਹੂਲਤਾਂ ਤੇ ਵਸਤਾਂ ਨਾਲ ਵਰੋਸਾਏ।" ਪਰ ਇਹ ਲੋਕ

ਦਿਲਾਂ ਤੇ ਰਾਜ ਕਰਨ ਵਾਲਿਆਂ ਤੇ ਲੋਕ ਪੀੜਾ ਨੂੰ ਆਪਣੀ ਪੀੜ ਮੰਨਣ ਵਾਲਿਆਂ ਦਾ ਰਾਹ-ਰਸਤਾ ਨਹੀਂ ਹੁੰਦਾ। ਉਹ ਵਸਤਾਂ ਤੇ ਅਜਿਹੇ ਇਨਾਮਾਂ ਸਨਮਾਨਾਂ ਨੂੰ ਠਿੱਠ ਜਾਣਦੇ ਹਨ। (ਨਜਮ ਹੁਸੈਨ ਸੱਯਦ ਦੇ ਕਹਿਣ ਵਾਂਗ ਨਾਬਰ ਬੰਦਾ ਨਾਂ-ਨਾਵੇਂ ਅਤੇ ਵਸਤਪਾਲ ਰਹਿਤਲ ਨੂੰ ਸਦਾ ਲੱਤ ਮਾਰਦਾ ਹੈ) ਸੰਪਰਦਾਇਕ ਸਿੱਖ ਭਾਵਨਾ ਨੇ ਉਸ ਨੂੰ ਇਸ ਲਈ ਨਾ ਸਾਂਭਿਆ ਕਿ ਉਹ 'ਮੁਸਲਮਾਨ' ਸੀ ਅਤੇ ਤੰਗ-ਨਜ਼ਰ ਵਾਲੇ ਮੁਸਲਮਾਨਾਂ ਨੂੰ ਉਹ ਇਸ ਲਈ ਨਾ ਭਾਇਆ ਕਿ ਉਸ ਸਿੱਖਾਂ ਦੀ ਵਾਰ ਲਿਖੀ। ਪਰ ਉਹ ਤਾਂ ਪੰਜਾਬੀਆਂ ਦਾ ਪਿਆਰਾ ਸੀ ਅਤੇ ਉਨ੍ਹਾਂ ਨੇ ਹੀ ਉਸ ਨੂੰ ਆਪਣੇ ਦਿਲਾਂ ਵਿਚ ਸਾਂਭਿਆ। ਬਰਤਾਨਵੀ ਸਾਮਰਾਜੀਆਂ ਦੇ ਵਧੇ ਜ਼ੁਲਮੋ-ਸਿਤਮ ਦੇ ਖਿਲਾਫ਼ ਇਹੋ ਬੀਜ ਆਜ਼ਾਦੀ ਦੀ ਜੰਗ ਲੜ ਰਹੇ ਭਗਤ ਸਿੰਘ ਵਰਗਿਆਂ ਦੇ ਹੋਠਾਂ ਵਿਚੋਂ ਅਜਿਹੇ ਬੋਲਾਂ ਕਿ "ਸਾਡਾ ਸੰਘਰਸ਼ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ", ਵਿਚ ਆਜ਼ਾਦੀ ਅਤੇ ਬਰਾਬਰੀ ਆਵਾਜ਼ ਬਣ ਕੇ ਗੂੰਜਿਆ।

ਮੌਲਾ ਬਖ਼ਸ਼ ਕੁਸ਼ਤਾ ਨੇ ਸਭ ਤੋਂ ਪਹਿਲੀ ਵਾਰ ਸ਼ਾਹ ਮੁਹੰਮਦ ਦੇ ਜਨਮ ਸਥਾਨ ਅਤੇ ਜਨਮ ਮਿਤੀ (1780, 1782 ਈ.) ਸੰਬੰਧੀ ਟਿੱਪਣੀ ਕੀਤੀ। **ਪੰਜਾਬ ਦੇ ਹੀਰੇ** ਵਿਚ ਕੁਸ਼ਤਾ ਦੀ ਸੂਚਨਾ ਸੀ ਕਿ "ਆਪ ਵਡਾਲਾ ਵੀਰਮ ਤਹਿਸ਼ੀਲ ਅੰਮ੍ਰਿਤਸਰ ਵਿਚ ਪੈਦਾ ਹੋਏ। 1862 ਈ. ਦੇ ਲਗਭਗ ਕਾਲ ਵਸ ਹੋ ਕੇ ਏਥੇ ਹੀ ਦਫ਼ਨ ਹੋ ਗਏ।" ਕੁਸ਼ਤਾ ਖ਼ੁਦ ਇਸੇ ਪਿੰਡ ਦਾ ਵਸਨੀਕ ਸੀ ਅਤੇ ਉਸਦਾ ਜਨਮ ਸ਼ਾਹ ਮੁਹੰਮਦ ਦੇ ਕਾਲ-ਵੱਸ ਹੋਣ ਤੋਂ ਚੌਦਾਂ ਵਰ੍ਹੇ ਮਗਰੋਂ ਹੋਇਆ ਸੀ। ਉਸ ਦੇ ਹੋਸ਼ ਵਿਚ ਆਉਣ ਸਮੇਂ ਸ਼ਾਹ ਮੁਹੰਮਦ ਆਪਣੇ ਪਿੰਡ ਤੇ ਆਲੇ-ਦੁਆਲੇ ਦੀ ਮੌਖਿਕ ਪਰੰਪਰਾ ਦਾ ਹਿੱਸਾ ਬਣ ਚੁੱਕਾ ਸੀ। ਬੇਸ਼ੱਕ ਉਸ ਨੇ ਆਪਣੀ ਦੂਸਰੀ ਪੁਸਤਕ **ਪੰਜਾਬੀ ਸ਼ਾਇਰਾਂ ਦਾ ਤਜ਼ਕਰਾ** ਵਿਚ ਸ਼ਾਹ ਮੁਹੰਮਦ ਦਾ ਜਨਮ 1789 ਈ. ਦੱਸਿਆ ਪਰੰਤੂ, ਉਸ ਦੇ ਜਨਮ-ਸਥਾਨ ਸੰਬੰਧੀ ਕਿਸੇ ਤਰ੍ਹਾਂ ਦੀ ਕੋਈ ਸ਼ੰਕਾ ਜ਼ਾਹਿਰ ਨਾ ਕੀਤੀ। ਬੇਸ਼ੱਕ ਕੁਝ ਚਿੰਤਕ ਉਸ ਦਾ ਜਨਮ ਸਥਾਨ ਬਟਾਲਾ (ਜ਼ਿਲਾ ਗੁਰਦਾਸਪੁਰ) ਦੱਸਦੇ ਰਹੇ ਪਰੰਤੂ ਕੁਸ਼ਤਾ ਇਸ ਭੁਲੇਖੇ ਦਾ ਦਰੁਸਤ ਨਿਵਾਰਣ ਕਰਦਾ ਰਿਹਾ। ਇਹ ਰਚਨਾ ਪਹਿਲਾਂ ਫ਼ਾਰਸੀ ਅੱਖਰਾਂ ਵਿਚ ਅਤੇ ਫਿਰ ਗੁਰਮੁਖੀ ਵਿਚ ਬਾਰੰਬਾਰ ਵੱਖ ਵੱਖ ਸਿਰਲੇਖਾਂ ਹੇਠ ਛਪਦੀ ਰਹੀ -- ਕਦੀ ਬੈਂਤਾਂ ਸ਼ਾਹ ਮੁਹੰਮਦ ਦੀਆਂ, ਕਦੀ ਕਿੱਸਾ ਸ਼ਾਹ ਮੁਹੰਮਦ, ਕਦੀ ਵਾਰ ਸ਼ਾਹ ਮੁਹੰਮਦ, ਕਦੀ ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਅਤੇ ਕਦੀ ਜੰਗ ਸਿੱਖਾਂ ਤੇ ਅੰਗਰੇਜ਼ਾਂ ਦੇ ਨਾਂ ਹੇਠ। ਮੁੜ ਮੁੜ ਛਪਾਈ ਅਤੇ ਅੰਤਾਂ ਦੀ ਲੋਕਪ੍ਰਿਯਤਾ ਕਰਕੇ ਇਸ ਰਚਨਾ ਦੇ ਪਾਠ-ਭੇਦ ਸਾਮ੍ਹਣੇ ਆਏ। ਕੁਸ਼ਤਾ ਤੋਂ ਇਲਾਵਾ ਬਾਵਾ ਬੁੱਧ ਸਿੰਘ, ਪ੍ਰਸਿੱਧ ਇਤਿਹਾਸਕਾਰ ਸੀਤਾ ਰਾਮ ਕੋਹਲੀ, ਡਾ. ਗੰਡਾ ਸਿੰਘ, ਸਮਸ਼ੇਰ ਸਿੰਘ ਅਸ਼ੋਕ, ਡਾ. ਰਤਨ ਸਿੰਘ ਜੱਗੀ, ਪਿਆਰਾ ਸਿੰਘ ਪਦਮ ਅਤੇ ਸੁਰਿੰਦਰ ਸਿੰਘ ਕੋਹਲੀ ਆਦਿ ਆਪਣੇ ਵਿੱਤ-ਮੁਜਬ ਉਸ ਦਾ ਨਾਮ-ਧਾਮ ਅਤੇ ਪਾਠਗਤ ਭੇਦਾਂ ਨੂੰ ਸੋਧਣ ਦਾ ਉੱਦਮ ਕਰਦੇ ਰਹੇ ਹਨ। ਉਸਨੇ ਜਨਮ-ਸਥਾਨ ਅਤੇ ਤਿੱਥਾਂ ਸੰਬੰਧੀ ਕੁਸ਼ਤਾ ਦੀ ਰਾਇ ਹੀ ਪ੍ਰਵਾਣਿਤ ਹੋਈ ਅਤੇ ਪ੍ਰਮਾਣਕ ਮੰਨੀ ਗਈ। ਵਧੇਰੇ ਵਿਦਵਾਨਾਂ ਨੇ ਉਸੇ ਦੀ ਰਾਇ ਨੂੰ ਦੁਹਰਾਇਆ ਹੈ। ਪਿਆਰਾ ਸਿੰਘ ਪਦਮ ਦਾ ਮਤ ਹੈ ਕਿ "ਸ਼ਾਹ ਮੁਹੰਮਦ ਦਾ ਜਨਮ ਸੱਯਦ ਘਰਾਣੇ ਵਿਚ ਪਿੰਡ ਵਡਾਲਾ ਵੀਰਮ (ਡੇਰਾ ਬਾਬਾ ਨਾਨਕ ਦੇ ਲਾਗੇ) ਜ਼ਿਲਾ ਅੰਮ੍ਰਿਤਸਰ ਵਿਚ 1789 ਈ. ਵਿਚ ਹੋਇਆ ਅਤੇ ਦਿਹਾਂਤ 1862 ਈ. ਵਿਚ।" ਸ਼ਾਹ ਮੁਹੰਮਦ ਦੀ ਰਚਨਾ ਦੇ ਕੁਲ 105 ਬੰਦਾਂ ਵਿਚੋਂ ਆਖ਼ਰੀ ਬੰਦ ਵਿਚ ਦਰਜ ਇਸ ਪੰਗਤੀ ਕਿ "ਸੰਮਤ ਉੱਨ੍ਹੀ ਸੈ ਦੂਸਰਾ ਉਤਰਿਆ ਸੀ,

ਜਦੋਂ ਹੋਇਆ ਫਰੰਗੀ ਦਾ ਜੰਗ ਮੀਆਂ" ਤੋਂ ਪਤਾ ਲਗਦਾ ਹੈ ਕਿ ਇਹ ਰਚਨਾ 1846 ਈ. ਦੇ ਆਸ-ਪਾਸ ਹੋਂਦ ਵਿਚ ਆਈ।

ਬੇਸ਼ੱਕ ਸਾਹਿਤ ਇਤਿਹਾਸਕਾਰਾਂ ਨੇ ਇਸ ਰਚਨਾ ਨੂੰ ਇਤਿਹਾਸ ਦੀ ਇਕ ਮਹੱਤਵਪੂਰਨ ਸ੍ਰੋਤ ਸਾਮਗ੍ਰੀ ਮੰਨਦਿਆਂ ਇਸ ਵਿਚੋਂ ਇਤਿਹਾਸਕ ਤੱਥਾਂ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਰਚਨਾ ਨੂੰ ਇਤਿਹਾਸ ਦੀ ਕਸੱਵਟੀ ਉੱਪਰ "ਸੋਲਾਂ ਆਨੇ ਖਰੀ ਉਤਰਦੀ" ਦੱਸਿਆ ਹੈ ਪਰੰਤੂ ਇਹ ਤਾਂ ਸਾਹਿਤਕ ਰਚਨਾ ਹੈ ਜੋ ਇਤਿਹਾਸਕ ਤੱਥਾਂ ਤੋਂ ਉਡਾਣ ਭਰਦੀ ਹੈ। ਇਸ ਦਾ ਮਕਸਦ ਤਾਂ ਮਾਨਵੀ ਪੀੜਾ ਤੇ ਦਰਦ ਦੇ ਪਾਸਾਰਾਂ ਨੂੰ ਚਿਤਰਣਾ ਹੈ। ਸੋ ਸਮਕਾਲੀ ਘਟਨਾ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਵਡਿਆਈ, ਹਿੰਦੂ-ਸਿੱਖਾਂ-ਮੁਸਲਮਾਨਾਂ ਦੀ ਪਰਸਪਰ ਪ੍ਰੇਮ-ਭਾਵਨਾ, ਬਰਤਾਨਵੀ ਸਾਮਰਾਜ ਦੀ ਕੂਟ ਨੀਤੀ ਪ੍ਰਤਿ ਘ੍ਰਿਣਾ, ਪੰਜਾਬੀਆਂ ਦੀ ਬਹਾਦਰੀ ਅਤੇ ਸਰਦਾਰਾਂ ਦੀ ਬੁਰਛਾਗਰਦੀ ਆਦਿ ਤਮਾਮ ਵੇਰਵੇ ਤਾਂ ਇਸ ਰਚਨਾ ਦੀ ਸਤਹ ਉੱਪਰ ਹੀ ਮੌਜੂਦ ਹਨ ਜਿਨ੍ਹਾਂ ਤੋਂ ਇਹ ਰਚਨਾ ਪਾਰ ਫ਼ੈਲ ਕੇ ਮਾਨਵੀ ਸਰੋਕਾਰਾਂ ਨਾਲ ਆਪਣਾ ਨਾਤਾ ਸਿਰਜਦੀ ਹੈ। ਇਸ ਵਿਚ ਨਾਵਾਂ ਅਤੇ ਤਿੱਥਾਂ ਤੋਂ ਵਧੇਰੇ ਵੀ ਕੁਝ ਮੌਜੂਦ ਹੈ ਅਤੇ ਉਹ ਹੈ ਮਾਨਵੀ ਸੱਚ ਤੇ ਦਰਦ ਦੀ ਅੱਕਾਸੀ। ਸ਼ਾਹ ਮੁਹੰਮਦ ਤੋਂ ਪੂਰਵ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸੰਬੰਧੀ ਲਿਖੇ ਚਾਰ ਸ਼ਬਦਾਂ ਵਿਚ ਅਜਿਹੇ ਦਰਦ ਅਤੇ ਪੀੜਾ ਨੂੰ ਜ਼ੁਬਾਨ ਦਿੱਤੀ ਸੀ। ਆਮ ਤੌਰ ਤੇ ਸਮਕਾਲੀ ਇਤਿਹਾਸ ਨੂੰ ਚਿਤਰਦੇ ਹੋਏ ਸਾਹਿਤਕਾਰ ਇਸ ਨੂੰ ਅਕਸਰ ਰੁਮਾਂਸ ਜਾਂ ਰਹੱਸ ਦੀ ਧੁੰਦ ਵਿਚ ਗਲੇਫ਼ ਦੇਂਦੇ ਹਨ। ਅਜੇਹਾ ਪੰਜਾਬ-ਸੰਤਾਪ ਸੰਬੰਧੀ ਲਿਖੀ ਸ਼ਾਇਰੀ ਵਿਚ ਵੀ ਵਾਪਰਿਆ ਪਰੰਤੂ ਸ਼ਾਹ ਮੁਹੰਮਦ ਤਾਂ ਇਸ ਸਾਕੇ ਨਾਲ ਸੰਬੰਧਿਤ ਧਿਰਾਂ (ਪੰਜਾਬੀ, ਡੋਗਰੇ ਅਤੇ ਫ਼ਿਰੰਗੀ), ਉਨ੍ਹਾਂ ਦੀ ਭੂਮਿਕਾ ਅਤੇ ਕਿਰਦਾਰ ਦੀ ਠੀਕ ਪਛਾਣ ਕਰਕੇ ਇਤਿਹਾਸਕ ਸੱਚ ਤੋਂ ਅਗਾਂਹ "ਮਾਨਵੀ ਸੱਚ" ਤਕ ਅੱਪੜ ਜਾਂਦਾ ਹੈ। ਇਹ ਸ਼ਾਇਰੀ ਅਸਲ ਵਿਚ ਸਮਕਾਲੀ ਇਤਿਹਾਸ ਤੋਂ ਸਰਬਕਾਲੀ ਮਾਨਵੀ ਸੱਚ ਤਕ ਅੱਪੜਣ ਲਈ ਪ੍ਰਤੱਖਣ ਦਾ ਇਕ ਨਵੀਨ ਮਾਡਲ ਮੁਹੱਈਆ ਕਰਦੀ ਹੈ। ਨਿਰਸੰਦੇਹ ਇਹ ਰਚਨਾ ਮੱਧਕਾਲੀ ਬਿਰਤਾਂਤਕ ਕਾਵਿ ਧਾਰਾ ਦਾ ਐਸਾ ਮੁੱਲਵਾਨ ਸਰਮਾਇਆ ਹੈ ਜਿਹੜਾ ਪੰਜਾਬੀ ਸਭਿਆਚਾਰ ਦੀ ਸਮੁੱਚੀ ਗੁਣਗੁਣਾਹਟ ਨੂੰ ਵੀ ਆਪਣੇ ਅੰਦਰ ਸਮੋਈ ਬੈਠਾ ਹੈ, ਇਤਿਹਾਸਕ ਤੱਥਾਂ ਨੂੰ ਵੀ, ਪਰੰਪਰਾਗਤ ਤੇ ਨਵੀਨ ਕਾਵਿ-ਰੂੜ੍ਹੀਆਂ ਨੂੰ ਵੀ ਅਤੇ ਸਾਡੀਆਂ ਬੁਨਿਆਦੀ ਜੀਵਨ ਕਦਰਾਂ ਤੇ ਮਾਨਵੀ ਸਰੋਕਾਰਾਂ ਨੂੰ ਵੀ। ਸ਼ਾਹ ਮੁਹੰਮਦ ਨੇ ਆਪਣੇ ਤੇਜ਼ ਤਰਾਰ ਤੱਕਣੀ ਤੇ ਤਿੱਖੀ ਨਜ਼ਰ ਨਾਲ ਡੋਗਰਾਗਰਦੀ, ਬੁਰਛਾਗਰਦੀ ਤੇ ਫਿਰੰਗੀ ਕੂਟਨੀਤੀ ਤੇ ਅਸਲ ਕਿਰਦਾਰ ਨੂੰ ਪਛਾਣਿਆ ਸੀ। ਕੀ ਅਜੋਕੇ ਪੰਜਾਬੀ ਲੇਖਕ ਨੂੰ ਲੋਕ ਪੀੜਾ ਨੂੰ ਪਛਾਣਨ, ਸਮੇਂ ਦੀ ਹਾਣੀ ਦ੍ਰਿਸ਼ਟੀ ਨੂੰ ਅਪਨਾਉਣ, ਅਮਾਨਵੀ ਵਰਤਾਰਿਆਂ ਨੂੰ ਨਸ਼ਰ ਕਰਨ ਅਤੇ ਨਵਬਸਤੀਵਾਦ ਦੇ ਛਲ ਕਪਟ ਭਰੇ ਅਸਲ ਚਿਹਰੇ ਨੂੰ ਬੇਨਕਾਬ ਕਰਨ ਲਈ ਵੱਧ ਸੰਜੀਦਾ, ਸੁਹਿਰਦ ਅਤੇ ਪ੍ਰਤਿਬੱਧ ਹੋਣ ਦੀ ਜ਼ਰੂਰਤ ਨਹੀਂ?